**ਦਫ਼ਤਰ: ਕਾਰਜਕਾਰੀ ਇੰਜੀਨੀਅਰ ,ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,**
**ਭਵਨ ਤੇ ਮਾਰਗ ਸ਼ਾਖਾ ,(ਨਾਭਾ)।**
ਪਤਾ: ਹੀਰਾ ਇਨਕਲੇਵ, ਪ੍ਰਬੰਧਕੀ ਕੰਪਲੈਕਸ ,ਬਲਾਕ-ਸੀ ,ਨਾਭਾ।
ਫੋਨ ਨੰਬਰ– **01765-220135** Email -**ee.cd.nbh.pwd@punjab.gov.in**

ਮੀਮੋ ਨੰ.......705.........-. (ਡਰਾਇੰਗ ਸ਼ਾਖਾ) ਮਿਤੀ......13/05/25......-

ਵੱਲ ਰਜਿਸਟਰਡ

**ਪ੍ਰਿੰਸੀਪਲ,**
**ਦਇਆ ਨੰਦ ਪਬਲਿਕ ਸਕੂਲ,**
**ਨਾਭਾ (01765-220078)।**

ਵਿਸ਼ਾ:- **ਦਇਆ ਨੰਦ ਪਬਲਿਕ ਸਕੂਲ ਦਾ ਵਿੱਤੀ ਸਾਲ 2025-27 ਤੱਕ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ. **DPS/NBA/3904** ਮਿਤੀ **17.03.2025** ਇਸ ਦਫਤਰ ਵੱਲ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਭ ਤੇ ਮ ਸਾਖਾ, ਨਾਭਾ ਵੱਲੋਂ ਕੀਤੀ ਰਿਪੋਰਟ ਦੇ ਸਨਮੁੱਖ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਬਣਦੀ ਫੀਸ ਸਕੂਲ ਮੈਨਜਮੇਟ ਵੱਲੋਂ ਡਿਮਾਂਡ ਡਰਾਫਟ ਨੰ. 053155 ਮਿਤੀ 21.04.2025 ਰਾਹੀ ਬਾਬਤ ਰਕਮ 30,000/- ਰੁਪਏ ਦਾ ਦੋ ਸਾਲਾ ਲਈ ਅਤੇ ਇੰਨਸਪੈਕਸ਼ਨ ਫੀਸ ਡਿਮਾਂਡ ਡਰਾਫਟ ਨੰ. 053156 ਮਿਤੀ 21.04.2025 ਰਾਹੀ ਬਾਬਤ ਰਕਮ 2,000/- ਰੁਪਏ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਲਈ ਉਪਰੋਕਤ ਦੇ ਸਨਮੁੱਖ ਆਪ ਨੂੰ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1 ਭ ਤੇ ਮ ਸਾਖਾ, ਨਾਭਾ ਵੱਲੋਂ ਵਿੱਤੀ ਸਾਲ 2025-27 ਤੱਕ (ਦੋ ਸਾਲਾ) ਲਈ ਕੀਤੀ ਗਈ ਸਿਫਾਰਸ਼ ਦੇ ਮੱਦੇ ਨਜਰ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖਿਆ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਬਿਲਡਿੰਗ ਦੇ ਆਲੇ-ਦੁਆਲੇ ਅਤੇ ਛੱਤਾਂ ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।
2) ਜੇਕਰ ਇਮਾਰਤ ਵਿਚ ਕਿਸੇ ਕਿਸਮ ਦੀ ਤਰੇੜ ਵਗੈਰਾ ਜਾਂ ਫਿਰ ਸਲਾਬ ਆਦਿ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਜਗ੍ਹਾਂ ਦੀ ਰਿਪੇਅਰ ਤੁਰੰਤ ਕਿਸੇ ਮੰਨਜੂਰਸੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਈ ਜਾਵੇ ਅਤੇ ਉਸ ਥਾਂ ਦਾ ਮੁੜ ਤੋਂ ਸੇਫਟੀ ਸ਼ਰਟੀਫਿਕੇਟ ਇਸ ਮਹਿਕਮੇ ਤੋਂ ਜਾਰੀ ਕਰਵਾਇਆ ਜਾਵੇ।
3) ਨਾਲ ਨੱਥੀ ਨਕਸੇ ਤੋ ਇਲਾਵਾ ਜੇਕਰ ਆਪ ਵੱਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਨਜੂਰੀ ਇਸ ਮਹਿਕਮੇ ਪਾਸੋ ਲਈ ਜਾਵੇ ਅਤੇ ਵਾਧੂ ਉਸਾਰੀ ਦਾ ਕੰਮ ਕਿਸੇ ਮੰਨਜੂਰ ਸੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਇਆ ਜਾਵੇ।
4) ਜੇਕਰ ਆਪ ਵੱਲੋਂ ਆਉਣ ਵਾਲੇ ਸਮੇਂ/ ਸਾਲ 2025-27 ਦੌਰਾਨ ਬਿਲਡਿੰਗ ਵਿੱਚ ਕੋਈ ਵਾਧਾ ਘਾਟਾ ਕੀਤਾ ਜਾਂਦਾ ਹੈ ਅਤੇ ਇਸ ਮਹਿਕਮੇ ਨੂੰ ਇਤਲਾਹ ਨਹੀ ਦਿੱਤੀ ਜਾਂਦੀ ਤਾਂ ਉਕਤ ਜਾਰੀ ਹੋਇਆ ਬਿਲਡਿੰਗ ਸੇਫਟੀ ਸ਼ਰਟੀਫਿਕੇਟ ਬਿਨਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਇਸ ਮਹਿਕਮੇ ਵੱਲੋਂ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿਮੇਵਾਰੀ ਆਪ ਦੀ ਹੋਵੇਗੀ।
5) ਇੱਥੇ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਬਿਲਡਿੰਗ ਸਬੰਧੀ ਫਾਈਰ ਸੇਫਟੀ ਸ਼ਰਟੀਫਿਕੇਟ ਸਬੰਧਤ ਮਹਿਕਮੇ ਤੋਂ ਹਰ ਸਾਲ ਆਪਣੇ ਖਰਚੇ ਤੇ ਲੈਣ ਦਾ ਪਾਬੰਦ ਹੋਵੇਗਾ। ਜੇਕਰ ਬਿਲਡਿੰਗ ਵਿੱਚ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਮਹਿਕਮੇ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ ਅਤੇ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਉਪਰੰਤ ਸਕੂਲ ਦਾ ਨਵਾਂ ਫਾਈਰ ਸਰਟੀਫਿਕੇਟ ਇਸ ਦਫਤਰ ਵਿਖੇ ਇੱਕ ਹਫਤੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।
6) ਜੇਕਰ ਆਉਣ ਵਾਲੇ ਸਮੇਂ ਦੌਰਾਨ ਸਰਕਾਰ ਦੀਆਂ ਕੋਈ ਹਦਾਇਤਾਂ ਨਵੀਆਂ ਫੀਸਾਂ ਸਬੰਧੀ/ ਆਉਂਦੀਆਂ ਹਨ ਤਾਂ ਸਕੂਲ ਮਨੇਜ਼ਮੈਂਟ ਉਹਨਾਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
7) ਭਵਿੱਖ ਵਿਚ ਆਡਿਟ ਦੌਰਾਨ ਜਾਂ ਫੇਰ ਜੇਕਰ ਇਸ ਮਹਿਕਮੇ ਵਲੋ ਆਪ ਦੇ ਸਕੂਲ ਵਿਰੁੱਧ ਕੋਈ ਬਕਾਇਆ/ਦੇਣਦਾਰੀ ਨਿਕਲਦੀ ਹੈ ਤਾਂ ਆਪ ਉਹ ਬਕਾਇਆ/ਦੇਣਦਾਰੀ ਇਸ ਦਫਤਰ ਵਿਖੇ ਜਮਾਂ ਕਰਵਾਉਣ ਦੇ ਪਾਬੰਦ ਹੋਵੇਗੇ ਅਤੇ ਇਸ ਸਬੰਧੀ ਕੋਈ ਕਲੇਮ/ਲਿਟੀਗੇਸ਼ਨ ਨਹੀ ਕਰੋਗੇ।

**ਨੋਟ:- ਜੇਕਰ ਉਪਰੋਕਤ ਲਿਖਿਆ ਹਦਾਇਤਾਂ/ਸ਼ਰਤਾਂ ਦੀ ਸਬੰਧਤ ਸਕੂਲ ਮਨੇਜ਼ਮੈਂਟ ਵੱਲੋਂ ਉਲੰਘਣਾ ਕੀਤੀ ਜਾਂਦੀ ਹੈ ਤਾਂ ਮਹਿਕਮੇ ਵੱਲੋਂ ਜਾਰੀ ਕੀਤਾ ਗਿਆ ਐਨ.ਓ.ਸੀ. ਬਿਨਾਂ ਨੋਟਿਸ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿੰਮੇਵਾਰੀ ਆਪ ਦੀ ਹੋਵੇਗੀ।**
**ਨੱਥੀ: ਡਰਾਇੰਗ**

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸ਼ਾਖਾ,
ਨਾਭਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ: ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਭ ਤੇ ਮ ਸਾਖਾ, ਨਾਭਾ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 19 ਮਿਤੀ 25.04.2025 ਅਤੇ ਪੱਤਰ ਨੰ. 42 ਮਿਤੀ 08.05.2025 ਦੇ ਹਵਾਲੇ ਵਿੱਚ ਡਿਮਾਡ ਡਰਾਫਟ ਨੰ. 053155 ਮਿਤੀ 31.05.2023 ਬਾਬਤ ਰਕਮ 30000/- ਰੁਪਏ ਅਤੇ ਡਿਮਾਂਡ ਡਰਾਫਟ ਨੰ. 053156 ਮਿਤੀ 31.05.2023 ਬਾਬਤ ਰਕਮ 2000/- (ਐਕਸਿਸ ਬੈਂਕ) ਦਾ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਡਿਮਾਂਡ ਡਰਾਫਟਾਂ ਨੂੰ ਸਰਕਾਰੀ ਹੈੱਡ (8782) ਵਿੱਚ ਜਮਾਂ ਕਰਵਾ ਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸ਼ਾਖਾ,
ਨਾਭਾ।